## ਹੇ.ਸ਼੍ਰੇ.ਕ./ ਸਟੈਨੋ ਟਾਈਪਿਸਟ / ਉ.ਸ਼੍ਰੇ.ਕ ਲਈ ਕੰਪਿਊਟਰ ਲਿਟਰੇਸੀ ਟੈਸਟ ਲੈਣ ਸਬੰਧੀ ਵਿਨਿਯਮ/ਹਦਾਇਤਾਂ

| ਇਹ ਪ੍ਰੀਖਿਆ ਸਕੱਤਰ ਅਮਲਾ ਅਗਜਟੀ ਭਾਗ-2 ਦੇ ਮੀਮੋ ਨੰ: 161545/162645 /ਈ.ਐਨ.ਜੀ-2/148 ਵਾ:11 ਮਿਤੀ 10.11.2003 ਦੀਆਂ ਹੇਠ ਲਿਖਿਆਂ ਹਦਾਇਤਾਂ ਅਨੁਸਾਰ ਕਰਵਾਈ ਜਾ ਰਹੀ ਹੈ:- | ਪੇਪਰ ਸੈਟ / ਮਾਰਕ ਕਰਨ ਦੀ ਸਮਰੱਥਾ | ਪਾਸ ਪ੍ਰਤੀਸ਼ਤਤਾ | ਨਤੀਜਾ ਘੋਸ਼ਿਤ ਕਰਨ ਦੀ ਪ੍ਰਵਾਨਗੀ |
|---|---|---|---|
| The computer Literacy test shall be conducted by the Secretary /Examination with the association of Director/ Computer Services, PSEB, Patiala twice a year. All LDCs/ Steno-typists/ UDCs appointed on compassionate ground/ Regular bases who are required to pass the requisite tests whether working in the field or Head Quarter offices, shall be eligible to sit in this exam. | ਡਾਇਰੈਕਟਰ/ਆਈ.ਟੀ.,ਪੰ.ਰਾ.ਬਿ.ਬੋ,ਪਟਿਆਲਾ | 40% | ਸਕੱਤਰ ਬੋਰਡ ਜੀ ਦੀ ਪ੍ਰਵਾਨਗੀ ਨਾਲ ਨਤੀਜਾ ਘੋਸ਼ਿਤ ਕੀਤਾ ਜਾਂਦਾ ਹੈ। |

# ਅੰਗਰੇਜੀ / ਪੰਜਾਬੀ ਜੂਨੀਅਰ ਸਕੇਲ ਸਟੈਨੋਗ੍ਰਾਫਰ ਦੇ ਤੌਰ ਤੇ ਤਰੱਕੀ ਲਈ ਟੈਸਟ ਸਬੰਧੀ ਵਿਨਿਯਮ/ਹਦਾਇਤਾਂ

| Eligibility and Scope | ਪੇਪਰ ਸੈਟ / ਮਾਰਕ ਕਰਨ ਦੀ ਸਮਰੱਥਾ | ਅੰਗਰੇਜੀ / ਪੰਜਾਬੀ ਸਟੈਨੋਗ੍ਰਾਫੀ ਦੇ ਪਰਚੇ ਮਾਰਕ ਕਰਨ ਸਬੰਧੀ ਹਦਾਇਤਾਂ | ਨਤੀਜਾ ਘੋਸ਼ਿਤ ਕਰਨ ਦੀ ਪ੍ਰਵਾਨਗੀ |
|---|---|---|---|
| ਇਹ ਟੈਸਟ ਅਮਲਾ ਅਗਜ਼ਟੀ ਭਾਗ ਵੱਲੋਂ ਜਾਰੀ ਕੀਤੇ ਸਰਕੂਲਰ ਨੰਬਰ 94967/95237 /ਈ.ਐਨ.ਜੀ./ ਸੀ-7/ਲੂਜ਼ ਮਿਤੀ 7.8.1978 ਜੋ ਪੰਜਾਬੀ ਸਟੈਨੋਗ੍ਰਾਫਰਾਂ ਵਾਸਤੇ ਹੈ ਅਤੇ ਸਰਕੂਲਰ ਨੰਬਰ 62622/912/ ਈ.ਐਨ.ਜੀ./ ਸੀ-7/ ਭਾਗ-15 / ਲੂਜ਼ ਮਿਤੀ 29.5.1981 ਜੋ ਅੰਗਰੇਜ਼ੀ ਸਟੈਨੋਗ੍ਰਾਫਰਾਂ ਵਾਸਤੇ ਹੈ (ਅਤੇ ਨੰ: 217961/8366/ ਈ.ਐਨ. ਜੀ./ ਸੀ-7/ ਭਾਗ-15 ਮਿਤੀ 17.10.1984 ਨਾਲ ਪੜਦਿਆਂ) ਦੇ ਮੁਤਾਬਿਕ ਲਿਆ ਜਾਂਦਾ ਹੈ।ਇਸ ਟੈਸਟ ਵਿਚ ਬੋਰਡ ਦੇ ਹੇਠਲੀ ਸ਼੍ਰੇਣੀ ਕਲਰਕ, ਸਟੈਨੋ ਟਾਈਪਿਸਟ / ਉ.ਸ਼੍ਰੇ.ਕ ਅਤੇ ਹੋਰ ਬੋਰਡ ਦੇ ਅਜਿਹੇ ਕਰਮਚਾਰੀ ਜੋ ਬੀ.ਬੀ.ਐਮ.ਬੀ./ਬੀ.ਸੀ.ਬੀ./ਯੂ.ਟੀ. ਭਾਖੜਾ ਕੰਟਰੋਲ ਬੋਰਡ ਆਦਿ ਵਿਚ ਰੈਗੂਲਰ ਆਧਾਰ ਤੇ ਕੰਮ ਕਰ ਰਹੇ ਹਨ, ਦੇ ਸਕਦੇ ਹਨ।ਇਸ ਤੋਂ ਇਲਾਵਾ ਜਿਹੜੇ ਕਰਮਚਾਰੀਆਂ ਨੇ ਅੰਗਰੇਜ਼ੀ ਜਾਂ ਪੰਜਾਬੀ ਸਟੈਨੋਗ੍ਰਾਫੀ ਟੈਸਟ 100 ਸ਼ਬਦ ਪ੍ਰਤੀ ਮਿੰਟ ਤੇ ਪਾਸ ਕੀਤਾ | ਸਕੱਤਰ ਬੋਰਡ ਜੀ ਦੀ ਪ੍ਰਵਾਨਗੀ ਨਾਲ ਦੋ ਕਮੇਟੀਆਂ ਨਾਮਜ਼ਦ ਕੀਤੀਆਂ ਜਾਂਦੀਆਂ ਹਨ ਇੱਕ ਕਮੇਟੀ ਪੇਪਰ ਸੈਟ ਕਰਨ ਦਾ ਕੰਮ ਕਰਦੀ ਹੈ ਅਤੇ ਦੂਜੀ ਕਮੇਟੀ ਪ੍ਰੀਖਿਆ ਨੂੰ ਕੰਡਕਟ ਕਰਨ ਸਬੰਧੀ ਪ੍ਰੀਖਿਆ ਸ਼ਾਖਾ ਨੂੰ ਸਹਿਯੋਗ ਦਿੰਦੀ ਹੈ। | (ਪੰਜਾਬੀ ਸਟੈਨੋਗ੍ਰਾਫੀ ਦੇ ਸ਼ਾਰਟਹੈਂਡ ਟੈਸਟ ਲਈ)<br>1.ਜੂਨੀ.ਸਕੇਲ.ਸਟੈਨੋਗ੍ਰਾਫੀ ਦੀ ਪੰਜਾਬੀ ਸ਼ਾਰਟਹੈਂਡ ਦੀ ਡਿਕਟੇਸ਼ਨ ਦੀ ਪ੍ਰੀਖਿਆ 100 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਹੋਵੇਗੀ ਅਤੇ 5 ਮਿੰਟ ਵਿਚ 500 ਸ਼ਬਦ ਲਿਖਵਾਏ ਜਾਣਗੇ ।<br>2.ਪੰਜਾਬੀ ਸ਼ਾਰਟਹੈਂਡ ਦੀ ਡਿਕਟੇਸ਼ਨ 50 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਹੋਵੇਗੀ ਅਤੇ 4 ਮਿੰਟ ਵਿਚ 200 ਸ਼ਬਦ ਲਿਖਵਾਏ ਜਾਣਗੇ ।<br>3.ਟ੍ਰਾਂਸਕ੍ਰਿਪਸ਼ਨ ਲਈ 20 ਮਿੰਟ ਦਾ ਸਮਾਂ 200 ਸ਼ਬਦਾਂ ਨੂੰ 10 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਨਾਲ ਦਿੱਤਾ ਜਾਵੇਗਾ ।<br>4.ਟ੍ਰਾਂਸਕ੍ਰਿਪਸ਼ਨ ਲਈ 25 ਮਿੰਟ ਦਾ ਸਮਾਂ 500 ਸ਼ਬਦਾਂ ਨੂੰ 20 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਨਾਲ ਦਿੱਤਾ ਜਾਵੇਗਾ ।<br>5.ਸ਼ਬਦ ਗਿਣਦੇ ਸਮੇਂ ਪੂਰਨ ਵਿਸ਼ਰਾਮ ਅਤੇ ਪ੍ਰਸ਼ਨ ਚਿੰਨਾਂ (?) ਨੂੰ ਸ਼ਬਦਾਂ ਵਿਚ ਗਿਣਿਆ ਗਿਆ ਹੈ, ਇਸ ਲਈ ਪੂਰਨ ਵਿਸ਼ਰਾਮ ਅਤੇ ਪ੍ਰਸ਼ਨ ਚਿੰਨ੍ਹ ਦੀ ਪੂਰੀ ਗਲਤੀ ਗਿਣੀ ਜਾਵੇਗੀ ।<br>6. ਬਾਕੀ ਵਿਸ਼ਰਾਮ ਚਿੰਨ੍ਹ ਕਾਮਾ(,)ਬਿੰਦੀ ਕਾਮਾ(;)ਵਿਸ਼ਮਕ ਚਿੰਨ੍ਹ (:) ਅਤੇ ਜੋੜਨੀ (-) ਸ਼ਬਦਾਂ ਵਿਚ ਨਹੀਂ ਗਿਣੇ ਗਏ ਇਸ ਲਈ ਇਨ੍ਹਾਂ ਵਿਸ਼ਰਾਮ ਚਿੰਨ੍ਹਾਂ ਦੀ ਕੋਈ ਗਲਤੀ ਨਹੀਂ ਹੋਵੇਗੀ ।<br>7.ਗਲਤ ਵਿੱਥ (ਸਪੇਸ) ਦੀ ਕੋਈ ਗਲਤੀ ਨਹੀਂ, ਪਰ ਜੇ ਸ਼ਬਦ ਜੁੜਵੇਂ ਟਾਈਪ ਹੋਣ ਤਾਂ ਅੱਧੀ ਗਲਤੀ ਹੋਵੇਗੀ ।<br>8.ਜੇਕਰ ਸ਼ਬਦ ਸਰਸਰੀ ਨਜ਼ਰ ਵਿਚ ਪੜ੍ਹਨਯੋਗ ਹੋਵੇ ਤਾਂ ਓਵਰ ਸਟਰੋਕਿੰਗ ਦੀ ਕੋਈ ਗਲਤੀ ਨਹੀਂ ਗਿਣੀ ਜਾਵੇਗੀ ।<br>9.ਅੱਧਕ ਜਾਂ ਲਗਾਂ ਮਾਤਰਾ ਲਗਾਉਂਣ ਜਾਂ ਛੱਡਣ ਨਾਲ ਜੇ ਕਿਸੇ ਸ਼ਬਦ ਦਾ ਅਰਥ ਬਦਲ ਜਾਵੇ ਤਾਂ ਅੱਧੀ ਗਲਤੀ ਮੰਨੀ ਜਾਵੇਗੀ ਅਤੇ ਜੇਕਰ ਕੋਈ ਫ਼ਰਕ ਨਹੀਂ ਪੈਂਦਾ ਤਾਂ ਕੋਈ ਗਲਤੀ ਨਹੀਂ ਹੋਵੇਗੀ ।<br>10.ਹਰ ਛੱਡੇ ਗਏ ਜਾਂ ਵਾਧੂ ਟਾਈਪ ਕੀਤੇ ਗਏ ਸ਼ਬਦਾਂ ਦੀਆਂ ਗਲਤੀਆਂ ਮੰਨੀਆਂ ਜਾਣਗੀਆਂ । | ਸਕੱਤਰ ਬੋਰਡ ਜੀ ਦੀ ਪ੍ਰਵਾਨਗੀ ਨਾਲ ਨਤੀਜਾ ਘੋਸ਼ਿਤ ਕੀਤਾ ਜਾਂਦਾ ਹੈ। |

| | | | |
|---|---|---|---|
| ਹੋਇਆ ਹੈ, ਉਨ੍ਹਾਂ ਲਈ ਅੰਗਰੇਜ਼ੀ ਜਾਂ ਪੰਜਾਬੀ ਦਾ ਟੈਸਟ 50 ਸ਼ਬਦ ਪ੍ਰਤੀ ਮਿੰਟ ਦੀ ਗਤੀ ਨਾਲ ਤਿੰਨ ਸਾਲਾਂ ਦੇ ਅੰਦਰ ਅੰਦਰ ਪਾਸ ਕਰਨਾ ਜਰੂਰੀ ਹੈ। | | 11.ਇੱਕੋਂ ਸ਼ਬਦ ਨੂੰ ਵਾਰ-ਵਾਰ ਗਲਤ ਟਾਈਪ ਕਰਨ ਦੀ ਇਕੋ ਗਲਤੀ ਮੰਨੀ ਜਾਵੇਗੀ ।<br>12.ਦੋ ਲਗਾਂ ਮਾਤਰਾਂ ਦੀ ਇੱਕ ਗਲਤੀ ਮੰਨੀ ਜਾਵੇਗੀ ਪ੍ਰੰਤੂ ਵਿਅੰਜਣ ਦੀ ਗਲਤੀ ਪੂਰੀ ਗਿਣੀ ਜਾਵੇਗੀ ।<br>13.ਟਾਈਪ ਕਰਦੇ ਸਮੇਂ ਜੋੜ ਵਿਚ ਜੇਕਰ ਕੋਈ ਅੱਖਰ ਪੂਰਾ ਜਾਂ ਅੱਧਾ ਟਾਈਪ ਕੀਤਾ ਗਿਆ ਹੋਵੇ ਤਾਂ ਇਸਦੀ ਕੋਈ ਗਲਤੀ ਨਹੀਂ ਗਿਣੀ ਜਾਵੇਗੀ, ਜਿਵੇਂ ਕਿ: ਪ੍ਰੇਮ ਜਾਂ ਪਰੇਮ, ਇਨ੍ਹਾਂ ਜਾਂ ਇਹਨਾਂ, ਪ੍ਰੰਤੂ ਜਾਂ ਪਰੰਤੂ, ਉਨ੍ਹਾਂ ਜਾਂ ਉਹਨਾਂ ।<br>14.ਸ਼ਬਦ ਉਚਾਰਨ ਵਿਚ ਕੁਝ ਮਾਮੂਲੀ ਫਰਕ ਜਿਵੇਂ ਕਿ ਜਾਂ ਕੀ ਆਦਿ ਜਾਂ ਆਦੀ ਉਚਾਰਨ ਕਰਕੇ ਗਲਤੀ ਹੋਵੇ ਤਾਂ ਗਲਤੀ ਮੰਨੀ ਜਾਵੇਗੀ ।<br>15.ਪੈਨ/ਪੈਨਸਿਲ ਨਾਲ ਕੀਤੀ ਹੋਈ ਸੋਧ ਗਲਤੀ ਮੰਨੀ ਜਾਵੇਗੀ ।<br><br>**(ਅੰਗਰੇਜੀ ਸਟੈਨੋਗ੍ਰਾਫੀ ਦੇ ਸ਼ਾਰਟਹੈਡ ਟੈਸਟ ਲਈ)**<br>1.ਜੂਨੀ.ਸਕੇਲ.ਸਟੈਨੋਗ੍ਰਾਫੀ ਦੀ ਅੰਗਰੇਜੀ ਸ਼ਾਰਟਹੈਂਡ ਦੀ ਡਿਕਟੇਸ਼ਨ ਦੀ ਪ੍ਰੀਖਿਆ 100 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਹੋਵੇਗੀ ਅਤੇ 5 ਮਿੰਟ ਵਿਚ 500 ਸ਼ਬਦ ਲਿਖਵਾਏ ਜਾਣਗੇ ।<br>2.ਅੰਗਰੇਜੀ ਸ਼ਾਰਟਹੈਂਡ ਦੀ ਡਿਕਟੇਸ਼ਨ 50 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਹੋਵੇਗੀ ਅਤੇ 4 ਮਿੰਟ ਵਿਚ 200 ਸ਼ਬਦ ਲਿਖਵਾਏ ਜਾਣਗੇ ।<br>3.ਟ੍ਰਾਂਸਕ੍ਰਿਪਸ਼ਨ ਲਈ 25 ਮਿੰਟ ਦਾ ਸਮਾਂ 500 ਸ਼ਬਦਾਂ ਨੂੰ 20 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਨਾਲ ਦਿੱਤਾ ਜਾਵੇਗਾ ।<br>4.ਟ੍ਰਾਂਸਕ੍ਰਿਪਸ਼ਨ ਲਈ 20 ਮਿੰਟ ਦਾ ਸਮਾਂ 200 ਸ਼ਬਦਾਂ ਨੂੰ 10 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਨਾਲ ਦਿੱਤਾ ਜਾਵੇਗਾ ।<br>5.ਗਲਤੀ ਵਿਚ ਸਪੇਸ ਛੱਡਣ ਦੀ ਕੋਈ ਗਲਤੀ ਨਹੀਂ, ਪਰ ਜੇ ਸ਼ਬਦ ਜੁੜਵੇਂ ਟਾਈਪ ਹੋਣ ਤਾਂ ਅੱਧੀ ਗਲਤੀ ਹੋਵੇਗੀ ।<br>6.ਜੇਕਰ ਸ਼ਬਦ ਸਰਸਰੀ ਨਜ਼ਰ ਵਿਚ ਪੜ੍ਹਨਯੋਗ ਹੋਵੇ ਤਾਂ ਓਵਰ ਸਟਰੋਕਿੰਗ ਦੀ ਕੋਈ ਗਲਤੀ ਨਹੀਂ ਗਿਣੀ ਜਾਵੇਗੀ ।<br>7.ਹਰ ਛੱਡੇ ਗਏ ਜਾਂ ਵਾਧੂ ਟਾਈਪ ਕੀਤੇ ਗਏ ਸ਼ਬਦਾਂ ਦੀਆਂ ਗਲਤੀਆਂ ਮੰਨੀਆਂ ਜਾਣਗੀਆਂ ।<br>8.ਇੱਕੋਂ ਸ਼ਬਦ ਨੂੰ ਵਾਰ-ਵਾਰ ਗਲਤ ਟਾਈਪ ਕਰਨ ਦੀ ਇਕੋ ਗਲਤੀ ਮੰਨੀ ਜਾਵੇਗੀ ।<br>9.ਸਵਾਲੀਆ ਪਰਚੇ ਵਿਚ ਜਿਥੇ ਸਟਾਪ (ਫੁਲ ਸਟਾਪ) ਦਰਸਾਇਆ ਗਿਆ ਹੈ,ਜੇਕਰ ਉਮੀਦਵਾਰ ਨੇ ਜਵਾਬੀ ਪਰਚੇ ਵਿਚ ਸਟਾਪ ਨਹੀਂ ਲਗਾਇਆ ਜਾਂ ਗਲਤ ਲਗਾਇਆ ਹੈ ਤਾਂ ਗਲਤੀ ਮੰਨੀ ਜਾਵੇਗੀ ।<br>10.ਪੈਨ/ਪੈਨਸਿਲ ਨਾਲ ਕੀਤੀ ਹੋਈ ਸੋਧ ਗਲਤੀ ਮੰਨੀ ਜਾਵੇਗੀ ।<br>11.ਕਾਮੇ/ਕਾਮਿਆਂ ਦੀ ਗਲਤੀ ਨਹੀਂ ਮੰਨੀ ਜਾਵੇਗੀ । | |

| | | | |
|---|---|---|---|
| | | ਹਦਾਇਤਾਂ ਅਨੁਸਾਰ 8% ਤੱਕ ਗਲਤੀਆਂ ਮਾਫ ਹਨ, ਪਰ ਜੇਕਰ ਕਿਸੇ ਹਾਲਤ ਵਿਚ 8% ਤੋਂ ਵੱਧ ਗਲਤੀਆਂ ਵਾਲੇ ਉਮੀਦਵਾਰ ਦੀ ਸਪੀਡ ਕੱਢਣੀ ਹੋਵੇ ਤਾਂ ਹੇਠਾਂ ਦਿੱਤੀ ਮਿਸਾਲ ਅਨੁਸਾਰ ਕੱਢੀ ਜਾਵੇਗੀ:-<br>(1) ਕੁੱਲ ਟਾਈਪ ਕੀਤੇ ਸ਼ਬਦ (100 ਸ਼ਬਦ ਪ੍ਰਤੀ ਮਿੰਟ) = 500<br>ਕੁੱਲ ਗਲਤੀਆਂ = 45<br>8%ਦੇ ਹਿਸਾਬ ਨਾਲ ਵਾਧੂ ਗਲਤੀਆਂ: 45-40 = 5<br>ਸਪੀਡ = 500-5= $\frac{495}{5}$ = 99 ਸ਼ਬਦ ਪ੍ਰਤੀ ਮਿੰਟ<br>(2) ਕੁੱਲ ਟਾਈਪ ਕੀਤੇ ਸ਼ਬਦ (50 ਸ਼ਬਦ ਪ੍ਰਤੀ ਮਿੰਟ) = 200<br>ਕੁੱਲ ਗਲਤੀਆਂ = 20<br>8%ਦੇ ਹਿਸਾਬ ਨਾਲ ਵਾਧੂ ਗਲਤੀਆਂ: 20-16 = 4<br>ਸਪੀਡ = 200-4= $\frac{196}{4}$ = 49 ਸ਼ਬਦ ਪ੍ਰਤੀ ਮਿੰਟ | |